# ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਮਾਨਸਾ।

ਵੱਲ,

ਸਬੰਧਤ ਸਕੂਲ ਮੁਖੀ,
ਜਿਲਾ ਮਾਨਸਾ।

ਪੱਤਰ ਨੰ.ਬੱਡੀਜ 2021/SPL-I
ਮਿਤੀ ਮਾਨਸਾ 3/03/2021

ਵਿਸ਼ਾ- ਬੱਡੀਜ ਪ੍ਰੋਗਰਾਮ ਤਹਿਤ ਸਕੂਲ ਦੀਆਂ ਦੀਵਾਰਾਂ ਉੱਤੇ ਐਂਟੀ ਡਰੱਗ ਮੈਸੇਜ ਪੇਟਿੰਗ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਆਪਣੇ ਸਕੂਲ ਦੀ ਚਾਰ ਦੀਵਾਰੀ ਉੱਪਰ ਬੱਡੀਜ ਪ੍ਰੋਗਰਾਮ ਤਹਿਤ ਸਲੋਗਨ/ਚਿੱਤਰਕਾਰੀ ਨਸਿਆਂ ਦੇ ਖਾਤਮੇ ਦਾ ਸੁਨੇਹਾ ਦਿੰਦੀ ਕਰਵਾਉਣੀ ਹੈ। ਆਪ ਨੂੰ ਹਦਾਇਤਾ ਦੀ ਕਾਪੀ ਅਤੇ ਸਲੋਗਨ ਪੱਤਰ ਨੱਥੀ ਕਰਕੇ ਭੇਜਿਆ ਜਾਂਦਾ ਹੈ। ਇਸ ਕੰਮ ਨੂੰ ਦੋ ਦਿਨਾਂ ਵਿੱਚ ਮੁਕੰਮਲ ਅਤੇ ਸਮੇਤ ਬਿਲ ਰਿਪੋਰਟ ਨਾਲ ਨੱਥੀ ਕਰਕੇ ਇਸ ਦਫਤਰ ਦੀ ਈਮੇਲ ਆਈ.ਡੀ.deose.mansa@punjabeducation.gov.in ਤੇ ਭੇਜਿਆ ਜਾਵੇ। ਰਿਪੋਰਟ ਅਤੇ ਬਿੱਲ ਮਿਲਣ ਉਪਰੰਤ ਆਪਜੀ ਨੂੰ ਖਰਚੀ ਗਈ ਰਕਮ ਪਾ ਦਿੱਤੀ ਜਾਵੇਗੀ। ਕਿਸੇ ਕਿਸਮ ਦੀ ਜਾਣਕਾਰੀ ਲਈ 9855375852 ਸ੍ਰੀ ਨਿਰਮਲ ਸਿੰਘ ਨਾਲ ਸੰਪਰਕ ਕਰ ਸਕਦੇ ਹੋ। ਸਬੰਧਤ ਸਕੂਲ ਹੇਠ ਲਿਖੇ ਅਨੁਸਾਰ ਹਨ।

1 ਸਸਸ ਰੱਲਾ (ਕੰ) , ਸਸਸ ਕੋਟੜਾ ਕਲਾਂ, ਸਸਸ ਭੀਖੀ (ਕੰ). .ਸਮਸਸ ਹੀਰੋ ਕਲਾਂ ,. ਸਸਸ ਮੂਸਾ, ਸਸਸ ਭੈਣੀ ਬਾਘਾ, ਸਸਸ ਸੱਦਾ ਸਿੰਘ ਵਾਲਾ, ਸਸਸ ,(ਮ) ਮਾਨਸਾ, ਸਸਸ (ਕੰ) ਮਾਨਸਾ, ਸਸਸ ਨੰਗਲ ਕਲਾਂ, ਸਸਸ ਜੋਗਾ (ਕੰ), ਸਸਸ ਭੀਖੀ (ਮ), ਸਸਸ ਖੋਖਰ ਕਲਾਂ, ਸਸਸ ਦਲੇਲ ਸਿੰਘ ਵਾਲਾ, ਸਸਸ ਫਫੜੇ ਭਾਈਕੇ (ਮ) ਸਸਸ ਫਫੜੇ ਭਾਈਕੇ (ਕੰ), ਸਹਸ ਬੁਰਜ ਰਾਠੀ, ਸਸਸ ਬੁਰਜ ਹਰੀ, ਸਸਸ ਉੱਭਾ ਬੁਰਜ ਢਿੱਲਵਾਂ, ਸਸਸ ਖਾਰਾ, ਸਹਸ ਭੂਪਾਲ,

ਨੱਥੀ ਹਦਾਇਤਾ ਦੀ ਕਾਪੀ ਅਤੇ ਪੱਤਰ

03/03/2021
ਜਿਲਾ ਸਿੱਖਿਆ ਅਫਸਰ (ਸੈਸਿ)
ਮਾਨਸਾ
Nirmal Singh

Scanned with CamScanner

## ਈ-ਮੇਲ

OFFICE OF THE
ADDL. DIRECTOR GENERAL OF POLICE
SPECIAL TASK FORCE, PUNJAB.

ਦਫਤਰ
ਵਧੀਕ ਡਾਇਰੈਕਟਰ ਜਨਰਲ ਪੁਲਿਸ
ਸਪੈਸ਼ਲ ਟਾਸਕ ਫੋਰਸ, ਪੰਜਾਬ।

ਦਫ਼ਤਰ ਡਿਪਟੀ ਕਮਿਸ਼ਨਰ, ਮਾਨਸਾ
-ਤਾਜ਼ਾ ਡਾਕ ..........
ਨੰ: 1758 ਮਿਤੀ 03/9/20
ਏ.ਡੀ.ਸੀ.
ਏ.ਡੀ.ਸੀ. (ਵਿ) ਡੀ.ਪੀ.
ਸ.ਕ. ..........
ਸ.ਕ. (ਜਿਕਾ:) ..........
ਡੀ.ਆਰ.ਓ.

ਵੱਲ

ਡਿਪਟੀ ਕਮਿਸ਼ਨਰ,
ਮਾਨਸਾ।

ਨੰਬਰ: 6517 /ਲੇਖਾਕਾਰ/ ਐਸ.ਟੀ.ਐਫ., ਮਿਤੀ 19.08.2020

[redacted] ਬਡੀ ਪ੍ਰੋਗਰਾਮ ਤਹਿਤ ਸਕੂਲ ਦੀਆਂ ਦੀਵਾਰਾਂ ਉੱਤੇ ਐਂਟੀ-ਡਰੱਗ messages/paintings ਕਰਵਾਉਣ ਸਬੰਧੀ।

ਯਾਦ ਪੱਤਰ

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਬਡੀ ਪ੍ਰੋਗਰਾਮ ਤਹਿਤ ਪੰਜਾਬ ਦੇ 6297 ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸਕੈਂਡਰੀ ਸਕੂਲਾਂ ਵਿੱਚ ਐਂਟੀ-ਡਰੱਗ ਕੰਪੇਨ ਤਹਿਤ ਸਕੂਲ ਦੇ ਬੱਚਿਆਂ ਵੱਲੋਂ ਸਕੂਲ ਦੀ ਕਿਸੇ ਇੱਕ ਦੀਵਾਰ ਉੱਤੇ ਸਲੋਗਨ/ਚਿੱਤਰਕਾਰੀ (Paintings) ਲਈ 10,000/-ਰੁਪਏ ਪ੍ਰਤੀ ਸਕੂਲ ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਸਬੰਧੀ ਹਰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਸਰਕਾਰੀ ਖਾਤੇ ਵਿੱਚ ਪ੍ਰਤੀ ਸਬ-ਡਵੀਜ਼ਨ ਦੇ ਹਿਸਾਬ ਨਾਲ 2,10,000/- ਰੁ: ਦਿੱਤੇ ਜਾ ਰਹੇ ਹਨ।

2. ਆਪ ਜੀ ਦੇ ਜਿਲ੍ਹੇ ਵਿੱਚ 03 ਸਬ-ਡਵੀਜ਼ਨਜ਼ ਹਨ ਜਿਸ ਮੁਤਾਬਿਕ 06,30,000/- ਰੁ: ਆਪ ਜੀ ਦੇ ਖਾਤੇ ਵਿੱਚ ਟਰਾਂਸਫਰ ਕੀਤੇ ਜਾ ਰਹੇ ਹਨ। ਆਪ ਆਪਣੇ ਪੱਧਰ ਤੇ ਹਰ ਇੱਕ ਸਬ-ਡਵੀਜ਼ਨ ਦੇ ਵਿੱਚ 21 ਸਕੂਲਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ 10,000/- ਰੁ: ਪ੍ਰਤੀ ਸਕੂਲ ਦੇ ਹਿਸਾਬ ਨਾਲ ਫੰਡ ਮੁਹੱਈਆ ਕਰਵਾਏ ਜਾਣ। ਜੇਕਰ ਕਿਸੇ ਸਬ-ਡਵੀਜ਼ਨ ਵਿੱਚ ਯੋਗ ਸਕੂਲਾਂ ਦੀ ਗਿਣਤੀ 21 ਤੋਂ ਘੱਟ ਹੋਵੇ ਤਾਂ ਬਕਾਇਆ ਰਾਸ਼ੀ ਆਪ ਦੀ ਜਿਲ੍ਹੇ ਦੇ ਕਿਸੇ ਹੋਰ ਸਬ-ਡਵੀਜ਼ਨ ਜਿੱਥੇ ਯੋਗ ਸਕੂਲ ਉਪਲਬਧ ਹੋਣ, ਨੂੰ ਟਰਾਂਸਫਰ ਕਰ ਦਿੱਤੀ ਜਾਵੇ।

3. ਆਪ ਦੇ ਜਿਲ੍ਹੇ ਦੇ ਬਾਕੀ ਬੱਚਦੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸਕੈਂਡਰੀ ਸਕੂਲਾਂ ਦੀਆਂ ਦੀਵਾਰਾਂ ਉੱਤੇ ਪੇਂਟਿੰਗ ਕਰਵਾਉਣ ਲਈ ਲੋੜੀਂਦੀ ਰਾਸ਼ੀ ਬਾਅਦ ਵਿੱਚ ਮੁਹੱਈਆ ਕਰਵਾਈ ਜਾਵੇਗੀ।

4. ਇਸ ਸਬੰਧੀ ਸਕੂਲੀ ਬੱਚਿਆਂ (ਬੱਡੀ ਗਰੁੱਪਸ) ਵੱਲੋਂ ਨਸ਼ੇ ਦੇ ਮਾੜੇ ਪ੍ਰਭਾਵਾਂ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਵਾਲੇ ਸਕਾਰਾਤਮਕ (positive) ਸਲੋਗਨ ਅਤੇ paintings ਸਕੂਲ ਦੀ ਇੱਕ ਦੀਵਾਰ, ਜੋ ਵੱਧ ਤੋਂ ਵੱਧ ਵਿਦਿਆਰਥੀਆਂ/ਲੋਕਾਂ ਵਾਸਤੇ ਪ੍ਰਚਾਰ ਲਈ ਢੁੱਕਵੀਂ ਹੋਵੇ, ਨੂੰ ਚੁਣ ਕੇ ਇਸਤੇਮਾਲ ਕੀਤਾ ਜਾਵੇ। ਨਸ਼ਾ ਰੋਕੂ ਅਭਿਆਨ ਵਿੱਚ ਬੱਡੀ ਗਰੁੱਪਸ ਦੀ ਭੂਮਿਕਾ ਨੂੰ ਉਜਾਗਰ ਕੀਤਾ ਜਾਵੇ।

402
8/9/2020

Scanned with CamScanner

ਇਸ ਸਬੰਧੀ ਹਦਾਇਤਾਂ (guidelines) ਹੇਠ ਲਿਖੇ ਅਨੁਸਾਰ ਹਨ:-

- ਢੁਕਵੀਂ ਕੰਧ ਦੀ ਚੋਣ ਕੀਤੀ ਜਾਵੇ।
- ਕੰਧ ਸੀਮ/ਸ਼ੋਰਾ ਆਦਿ ਤੋਂ ਪ੍ਰਭਾਵਿਤ ਨਾ ਹੋਵੇ।
- ਪੇਂਟਿੰਗ ਕਰਨ ਤੋਂ ਪਹਿਲਾਂ ਦੀਵਾਰ ਉਪਰ ਇਕ ਕੋਟ ਪੇਂਟ ਦਾ ਕਰਵਾਇਆ ਜਾਵੇ।
- ਸਕੂਲ ਦੇ ਵਿਦਿਆਰਥੀਆਂ/ਬੱਡੀ ਗਰੁੱਪਸ ਦੁਆਰਾ ਹੀ ਸਲੋਗਨ/ਪੇਂਟਿੰਗ ਕਰਵਾਈ ਜਾਵੇ।
- ਨਸ਼ਾ ਰੋਕੂ ਅਭਿਆਨ ਵਿੱਚ ਬੱਡੀ ਗਰੁੱਪਸ ਦੀ ਭੂਮਿਕਾ ਨੂੰ ਉਜਾਗਰ ਕੀਤਾ ਜਾਵੇ। ਕੰਧ ਉੱਤੇ ਲਿਖਣ ਲਈ ਸਕਾਰਾਤਮਕ/ਉਸਾਰੂ ਨਾਅਰੇ ਦੀ ਚੋਣ ਸਕੂਲ ਦੀ ਪ੍ਰਿੰਸੀਪਲ/ਹੈਡਮਾਸਟਰ ਵੱਲੋਂ ਪ੍ਰਦਾਨ ਕਰਵਾਈ ਜਾਵੇ।

5. ਸਬ ਡਵੀਜ਼ਨਲ ਮਿਸ਼ਨ ਟੀਮ (SDMT) ਇਸ ਕੰਮ ਨੂੰ ਆਪਣੀ ਨਿਗਰਾਨੀ ਹੇਠ ਸੁਚੱਜੇ ਢੰਗ ਨਾਲ ਕਰਵਾਉਣ ਦੀ ਜਿੰਮੇਵਾਰ ਹੋਵੇਗੀ। ਸਬੰਧਤ ਸਕੂਲ ਵਿੱਚ ਜਿੰਮੇਵਾਰੀ ਸਕੂਲ ਦੇ ਪ੍ਰਿੰਸੀਪਲ/ਹੈਡਮਾਸਟਰ ਦੀ ਹੋਵੇਗੀ। ਸੀਨੀਅਰ ਬੱਡੀਜ਼ ਅਤੇ ਬੱਡੀ ਗਰੁੱਪ ਮੈਂਬਰ ਇਸ ਵਿੱਚ ਬਤੌਰ ਬੱਡੀ ਗਰੁੱਪ ਵਜੋਂ ਭਾਗ ਲੈਣਗੇ।

6. ਆਪ ਨੂੰ ਟਰਾਂਸਫਰ ਕੀਤੀ ਗਈ ਰਾਸ਼ੀ ਉਪਰ ਦਰਸਾਏ ਗਏ ਕਾਰਜਾਂ ਲਈ ਹੀ ਖਰਚ ਕੀਤੀ ਜਾਵੇ ਅਤੇ ਖਰਚ ਕਰਨ ਸਮੇਂ ਪੰਜਾਬ ਸਰਕਾਰ ਦੇ ਵਿੱਤੀ ਨਿਯਮਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਟਰਾਂਸਫਰ ਕੀਤੀ ਗਈ ਰਾਸ਼ੀ ਦਾ ਵਰਤੋਂ ਸਰਟੀਫਿਕੇਟ (Utilization Certificate) ਇਸ ਦਫਤਰ ਨੂੰ ਤੁਰੰਤ ਭੇਜਣ ਦੀ ਪਹਿਲਤਾ ਕੀਤੀ ਜਾਵੇ।

(ਡੀ.ਆਈ.ਜੀ./ਐਡਮਨ)
ਵਾ: ਵਧੀਕ ਡਾਇਰੈਕਟਰ ਜਨਰਲ ਪੁਲਿਸ,
ਸਪੈਸ਼ਲ ਟਾਸਕ ਫੋਰਸ, ਪੰਜਾਬ।

ਨੰ: 6518-19 /ਲੇਖਾਕਾਰ/ਐਸ.ਟੀ.ਐਫ. ਮਿਤੀ 19.08.2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਸਪੈਸ਼ਲ ਪ੍ਰਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ।
2. ਸਕੱਤਰ-ਕਮ-ਨੋਡਲ ਅਫਸਰ, ਐਂਟੀ ਡਰੱਗ ਕੰਪੇਨ, ਪੰਜਾਬ।

(ਡੀ.ਆਈ.ਜੀ./ਐਡਮਨ)
ਵਾ: ਵਧੀਕ ਡਾਇਰੈਕਟਰ ਜਨਰਲ ਪੁਲਿਸ,
ਸਪੈਸ਼ਲ ਟਾਸਕ ਫੋਰਸ, ਪੰਜਾਬ।

Scanned with CamScanner


ਅਮਲੀ ਕਿਸੇ ਨੂੰ ਕਹਿਣ ਨੀ ਦੇਣਾ,
ਨਸ਼ਾ ਪੰਜਾਬ 'ਚ ਰਹਿਣ ਨੀ ਦੇਣਾ
ਨਸ਼ਾ
ਮੁਕਤ


ਨਸ਼ੇ ਨਾਲ ਤੋੜੋ ਯਾਰੀ,
ਜੀਵਨ ਨਾਲ ਜੋੜੋ ਯਾਰੀ


ਆਓ! ਮਨ ਵਿੱਚ ਮਸ਼ਾਲ ਜਗਾਈਏ,
ਮਾਨਸਾ ਜਿਲੇ ਨੂੰ
ਨਸ਼ਾ ਮੁਕਤ ਬਣਾਈਏ
BUDDY
DAPO


ਨਸ਼ਾ ਹੈ ਬੇਕਾਰ
ਲੈ ਲਵੇਗਾ ਤੁਹਾਡੀ ਜਾਨ







Scanned with CamScanner